THE PUNJAB STATE BOARD OF TECHNICAL
EDUCATION AND INDUSTRIAL TRAINING
Plot No. 1-A, Sec. 36-A, Chandigarh Ph.: 0172-2615385 Fax: 2664333 e-mail: celtipb@gmail.com

ਨੰ:- ਪੀ.ਐਸ.ਬੀ.ਟੀ/ਆਈ.ਟੀ/2019/ 1570 ਮਿਤੀ:- 01.07.2019

ਸੇਵਾ ਵਿਖੇ,

ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਚੰਡੀਗੜ੍ਹ।

**ਵਿਸ਼ਾ:** **ਐਨ.ਸੀ.ਵੀ.ਟੀ ਐਮ.ਆਈ.ਐਸ ਪੋਰਟਲ ਉੱਪਰ ਕੈਂਡੀਡੇਟਸ ਦੀਆਂ ਫੋਟੋ ਕੁਰੈਕਸ਼ਨ ਕਰਵਾਉਣ ਸਬੰਧੀ।**

**ਹਵਾਲਾ:** **ਆਪ ਜੀ ਦੇ ਦਫਤਰ ਤੋਂ ਪ੍ਰਾਪਤ ਪੱਤਰ ਨੰ: ਆਈਟੀ/ਟ੍ਰੇ/MIS/2018/5886 ਮਿਤੀ 04-06-2019 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਤੇ ਆਪ ਜੀ ਦੇ ਦਫਤਰ ਦੁਆਰਾ ਹਵਾਲਾ ਅਧੀਨ ਪੱਤਰ ਰਾਹੀਂ ਫੋਟੋਗ੍ਰਾਫ ਤਬਦੀਲ ਕਰਨ ਸਬੰਧੀ ਭੇਜੇ ਗਏ ਕੇਸ (ਨੱਥੀ) ਆਪ ਜੀ ਨੂੰ ਮੂਲ ਰੂਪ ਵਿੱਚ ਵਾਪਿਸ ਭੇਜਦੇ ਹੋਏ ਦੱਸਿਆ ਜਾਂਦਾ ਹੈ ਕਿ ਜਦੋਂ ਤੋਂ ਆਈ.ਟੀ.ਆਈ ਦੇ ਦਾਖਲੇ ਸਬੰਧੀ ਕੰਮ ਐਨ.ਸੀ.ਵੀ.ਟੀ ਐਮ.ਆਈ.ਐਸ ਪੋਰਟਲ ਰਾਹੀਂ ਹੋਇਆ ਹੈ ਉਦੋਂ ਤੋਂ ਹੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਸਿਖਿਆਰਥੀਆਂ ਦੇ ਦਾਖਲੇ ਦੀ ਪੂਰੀ ਪ੍ਰਕ੍ਰਿਆ ਅਤੇ ਦਾਖਲੇ ਦਾ ਡਾਟਾ (ਸਿਖਿਆਰਥੀਆਂ ਦੀ ਡਿਟੇਲ ਅਤੇ ਫੋਟੋਗ੍ਰਾਫ ਆਦਿ) ਐਨ.ਸੀ.ਵੀ.ਟੀ ਐਮ.ਆਈ.ਐਸ ਪੋਰਟਲ ਤੇ ਅਪਲੋਡ ਕਰਨ ਸਬੰਧੀ ਕਾਰਜ ਡਾਇਰੈਕਟੋਰੇਟ ਦੁਆਰਾ ਆਪਣੀ ਹੀ ਨਿਗਰਾਨੀ ਹੇਠ ਮੁਕੰਮਲ ਕਰਵਾਇਆ ਜਾਂਦਾ ਹੈ ਇਸ ਲਈ ਜੇਕਰ ਐਨ.ਸੀ.ਵੀ.ਟੀ ਐਮ.ਆਈ.ਐਸ ਪੋਰਟਲ ਤੇ ਦਾਖਲ ਹੋਏ ਸਿਖਿਆਰਥੀਆਂ ਦੀਆਂ ਫੋਟੋਆਂ ਸਬੰਧੀ ਕੋਈ ਸੋਧ ਹੈ ਤਾਂ ਉਹ ਵੀ ਵਿਭਾਗ ਦੇ ਪੱਧਰ ਤੇ ਹੀ ਕੀਤੀ ਜਾਣੀ ਬਣਦੀ ਹੈ ਕਿਉਂ ਜੋ ਕਿੰਨਾ ਸਿਖਿਆਰਥੀਆਂ ਨੂੰ ਐਨ.ਸੀ.ਵੀ.ਟੀ ਐਮ.ਆਈ.ਐਸ ਪੋਰਟਲ ਤੇ ਅਪਲੋਡ ਕੀਤਾ ਜਾਂਦਾ ਹੈ ਸਬੰਧੀ ਸੰਪੂਰਨ ਜਾਣਕਾਰੀ ਵਿਭਾਗ ਪਾਸ ਹੀ ਉਪਲੱਬਧ ਹੁੰਦੀ ਹੈ।

ਆਪ ਜੀ ਨੂੰ ਇਹ ਵੀ ਦੱਸਿਆ ਜਾਂਦਾ ਹੈ ਕਿ ਸਿਖਿਆਰਥੀਆਂ ਦੀ ਜੋ ਡਿਟੇਲ ਦਾਖਲੇ ਸਮੇਂ ਐਨ.ਸੀ.ਵੀ.ਟੀ ਐਮ.ਆਈ.ਐਸ ਪੋਰਟਲ ਤੇ ਅਪਲੋਡ ਕੀਤੀ ਜਾਂਦੀ ਹੈ ਉਸੇ ਅਨੁਸਾਰ ਹੀ ਪ੍ਰੀਖਿਆ ਸਮੇਂ ਹਾਲ ਟਿਕਟ ਅਤੇ ਐਨ.ਟੀ.ਸੀ ਸਰਟੀਫਿਕੇਟ ਜਨਰੇਟ ਹੁੰਦੇ ਹਨ।

ਇਹ ਆਪ ਜੀ ਦੀ ਸੂਚਨਾ ਅਤੇ ਆਪ ਜੀ ਦੇ ਪੱਧਰ ਤੇ ਅਗਲੇਰੀ ਕਾਰਵਾਈ ਹਿਤ ਹੈ ਜੀ।

ਨੱਥੀ: ਉਪਰੋਕਤ ਅਨੁਸਾਰ (110 ਪੰਨੇ)

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਐਸ ਟੂ ਚੇਅਰਮੈਨ ਸਾਹਿਬ।
2. ਪੀ.ਏ ਟੂ ਸਕੱਤਰ ਸਾਹਿਬ।
3. ਸਮੂਹ ਉਦਯੋਗਿਕ ਸਿਖਲਾਈ ਸੰਸਥਾਵਾਂ (ਪੰਜਾਬ ਰਾਜ ਅਧੀਨ) ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਐਨ.ਸੀ.ਵੀ.ਟੀ ਐਮ.ਆਈ.ਐਸ ਪੋਰਟਲ ਤੇ ਫੋਟੋ ਦੀ ਸੋਧ ਸਬੰਧੀ ਕੇਸ ਪਹਿਲਾਂ ਦੀ ਤਰ੍ਹਾਂ ਡਾਇਰੈਕਟੋਰੇਟ ਨੂੰ ਹੀ ਭੇਜੇ ਜਾਣ ।

01.7.19
ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ